International Journal of Applied Research 2016; 2(9): 833-837




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(9): 833-837
www.allresearchjournal.com
Received: 23-07-2016
Accepted: 24-08-2016

**ਕਮਲ ਦੀਪ ਸਿੰਘ (ਜੰਮੂ)**
ਪੀਐਚ. ਡੀ, ਖੋਜਾਰਥੀ
ਪੰਜਾਬੀ ਵਿਭਾਗ
ਜੰਮੂ ਯੂਨੀਵਰਸਿਟੀ, ਜੰਮੂ

**Correspondence**
**ਕਮਲ ਦੀਪ ਸਿੰਘ (ਜੰਮੂ)**
ਪੀਐਚ. ਡੀ, ਖੋਜਾਰਥੀ
ਪੰਜਾਬੀ ਵਿਭਾਗ
ਜੰਮੂ ਯੂਨੀਵਰਸਿਟੀ, ਜੰਮੂ

# ਸੁਰਿੰਦਰ ਨੀਰ ਦੀ ਕਹਾਣੀ ਲਵਾਸੇ ਦਾ ਬਿਰਤਾਂਤ ਸ਼ਾਸਤਰੀ ਅਧਿਐਨ

**ਕਮਲ ਦੀਪ ਸਿੰਘ (ਜੰਮੂ)**

ਪੰਜਾਬੀ ਗਲਪ ਵਿਚ ਸੁਰਿੰਦਰ ਨੀਰ ਇਕ ਜਾਣਿਆ ਪਛਾਣਿਆ ਨਾਂ ਹੈ। ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਵਿਚ ਹੀ ਨਹੀਂ ਬਲਕਿ ਸਮੁੱਚੇ ਪੰਜਾਬੀ ਸਾਹਿਤ ਵਿਚ ਅਹਿਮ ਸਥਾਨ ਰਖਦੀ ਹੈ। ਨੀਰ ਹੁਣ ਤੱਕ ਦੋ ਕਹਾਣੀ ਸੰਗ੍ਰਿਹ "ਦਸਤਕ ਦੀ ਉਡੀਕ" ਅਤੇ "ਖੁੱਲ੍ਹ ਜਾ ਸਿੰਮ ਸਿੰਮ" ਤੋਂ ਇਲਾਵਾ ਦੋ ਨਾਵਲ "ਸ਼ਿਕਾਰਗਾਹ" ਅਤੇ "ਮਾਇਆ" ਵੀ ਪੰਜਾਬੀ ਸਾਹਿਤ ਨੂੰ ਭੇਟ ਕਰ ਚੁਕੀ ਹੈ। ਉਹ ਆਪਣੀਆਂ ਕਹਾਣੀਆਂ ਕਰਕੇ ਹਮੇਸ਼ਾ ਸੁਰਖੀਆਂ ਵਿਚ ਰਹੀ ਹੈ ਅਤੇ ਆਪਣੇ ਪਹਿਲੇ ਨਾਵਲ ਸ਼ਿਕਾਰਗਾਹ ਕਰਕੇ ਵੀ ਉਹ ਬਤੌਰ ਨਾਵਲਕਾਰ ਵੀ ਬਹੁਤ ਚਰਚਿਤ ਹੋਈ ਹੈ। ਇਸ ਤੋਂ ਇਲਾਵਾ ਉਹ ਕਵਿਤਾਵਾਂ ਰਾਹੀਨ ਵੀ ਪਾਠਕਾਂ ਨੂੰ ਕਰਦੀ ਰਹੀ ਹੈ। ਨੀਰ ਆਪਣੀਆਂ ਕਹਾਣੀਆ ਵਿਚ ਨਾਰੀ ਦੇ ਗੌਰਵ, ਹੋਂਦ ਅਤੇ ਪਛਾਣ ਨੰ ਉਜਾਗਰ ਕਰਦਿਆਂ ਉਸਦੀਆਂ ਵਿੱਭਿੰਨ ਪਰਤਾਂ ਨੂੰ ਪ੍ਰਗਟਾਉਣ ਦਾ ਯਤਨ ਕਰਦੀ ਹੈ। ਜਿਸ ਵਿਚ ਉਹ ਸਫਲ ਵੀ ਰਹੀ ਹੈ। ਉਹ ਔਰਤ ਨੂੰ ਸਮਾਜ ਵਿਚ ਵਖਰੀ ਅਤੇ ਅਹਿਮ ਪਛਾਣ ਦਵਾਉਣ ਅਤੇ ਸਮਾਜ ਵਿਚ ਔਰਤ ਪ੍ਰਤੀ ਰੂੜੀਵਾਦੀ ਰਵਈਏ ਨੂੰ ਨਕਾਰਣ ਤੇ ਬਲ ਦਿੰਦੀ ਹੈ। ਉਹ ਔਰਤ ਤੇ ਪਛਾਣ ਦੇ ਸਮਲੇ ਨੂੰ ਸ਼ਿਦਤ ਨਾਲ ਬਿਰਤਾਂਤ ਵਿਚ ਪੇਸ਼ ਕਰਦੀ ਹੈ। ਉਹ ਆਪਣੀਆਂ ਕਹਾਣੀਆਂ ਵਿਚ ਕਸ਼ਮੀਰ ਸੰਕਟ ਨੂੰ ਵਿਸ਼ਾ ਬਣਾਉਂਦੀ ਹੋਈ, ਕਸ਼ਮੀਰ ਵਿਚ ਕਿਰਦਾਰਾ ਦੇ ਬਦਲਣ ਅਤੇ ਕਸ਼ਮੀਰੀਆਂ ਵਿਚੋਂ ਅਲੋਪ ਹੋ ਰਹੀ ਕਸ਼ਮੀਰੀਅਤ, ਜਿਸ ਕਾਰਨ ਉਥੇ ਦੇ ਲੋਕਾਂ ਦੀ ਪਛਾਣ ਦਾ ਸਮਲਾ ਅਤੇ ਅੰਧਕਾਰਮਈ ਭਵਿੱਖ ਨੂੰ ਉਜਾਗਰ ਕਰਦੀ ਹੈ। ਇਸ ਪੱਖੋ ਨੀਰ ਦੀਆਂ ਦੋ ਕਾਹਣੀਆਂ ਸਮੱਚੇ ਪੰਜਾਬੀ ਸਾਹਿਤ ਵਿਚ ਬਹੁਤ ਚਰਚਿਤ ਹਨ "ਘੰਮ ਚਾਟੀ ਘੰਮ" ਅਤੇ "ਲਵਾਸੇ"। "ਘੰਮ ਚਾਟੀ ਘੰਮ" ਵਿਚ ਕਿਰਦਾਰਾਂ ਦੇ ਬਦਲਣ ਨੂੰ ਉਜਾਗਰ ਕੀਤਾ ਹੈ ਅਤੇ "ਲਵਾਸ" ਵਿਚ ਕਸ਼ਮੀਰ ਦੇ ਨੌਜਾਵਾਨ ਦੇ ਅੰਧਕਾਰਮਈ ਭਵਿੱਖ ਨੂੰ।

ਸੰਕਟ ਦਾ ਦੌਰ ਹਰ ਸਮਾਜ ਲਈ ਉਸ ਧੁੰਧ ਵਰਗਾ ਹੁੰਦਾ ਹੈ ਜਿਸ ਵਿਚ ਸੂਰਜ ਦੀ ਤਰ੍ਹਾਂ ਚਮਕਦੀਆਂ, ਉਸਦੀਆਂ ਸਮਾਜਿਕ ਕਧਰਾਂ ਕੀਮਤਾਂ ਅਦ੍ਰਿਸ਼ ਹੋਣ ਲਗਦੀਆਂ ਹਨ। ਸੰਕਟ ਨੂੰ ਪਰਿਭਾਸ਼ਿਤ ਕਰਦਿਆਂ ਡਾ. ਸਤਿਨਾਮ ਸਿੰਘ ਸੰਧੂ, ਸਮਾਜ ਵਿਗਿਆਨੀ ਆਗਸਤ ਕਾਮਤੇ (Auguste Comte) ਦੇ ਹਵਾਲੇ ਨਾਲ ਲਿਖਦੇ ਹਨ ਕਿ " ਜਦੋਂ ਮਨੁੱਖ ਦੀਆਂ ਭਾਵਨਾਵਾਂ (Feelings), ਸੋਚ ਸ਼ਕਤੀ ਜਾਂ ਵਿਚਾਰ (Thoughts) ਅਤੇ ਕਾਰਜ (Action) ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਉਸ ਸਮੇਂ ਸਮਾਜ ਵਿਚ ਸੰਕਟ ਦੀ ਸਥਿਤੀ ਬਣ ਜਾਂਦੀ ਹੈ। "[1]

ਇਸੇ ਤਰ੍ਹਾਂ ਦਾ ਸੰਕਟ ਜੋ ਕਸ਼ਮੀਰ ਵਿਚ ਵਾਪਰ ਰਿਹਾ ਹੈ, ਉਸ ਸੰਕਟ ਨੂੰ ਨੀਰ ਨੇ ਆਪਣੀ ਕਹਾਣੀਆਂ ਵਿਚ ਕਲਾਤਮਕਤਾ ਨਾਲ ਪੇਸ਼ ਕੀਤਾ ਹੈ। ਅਸੀਂ ਇਸ ਪੇਪਰ ਵਿਚ 'ਲਵਾਸੇ' ਕਹਾਣੀ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਕਰਨ ਦਾ ਯਤਨ ਕਰਾਂਗੇ ਤਾਂਕਿ ਨੀਰ ਵਲੋਂ ਪੇਸ਼ ਬਿਰਤਾਂਤ ਨੂੰ ਸਹੀ ਅਰਥਾਂ ਵਿਚ ਸਮਝਿਆ ਜਾ ਸਕੇ। ਪਰ ਉਸ ਤੋਂ ਪਹਿਲਾਂ ਬਿਰਤਾਂਤ ਵਾਰੇ ਸੰਖੇਪ ਚਰਚਾ ਜ਼ਰੂਰੀ ਹੋਣੀ ਚਾਹੀਦੀ ਹੈ।

ਬਿਰਤਾਂਤ ਮਨੁੱਖ ਦੁਆਰਾ ਸਿਰਜੀ ਇਕ ਪ੍ਰਗਟਾਅ ਵਿਧੀ ਹੈ ਜਿਹੜੀ ਹਰੇਕ ਸਮਾਜ ਅਤੇ ਸਭਿਆਚਾਰ ਦੇ ਪ੍ਰਾਚੀਨਤਮ ਦੌਰ ਤੋਂ ਲੈ ਕੇ ਹੁਣ ਤੱਕ ਕੇਂਦਰੀ ਅਤੇ ਮੂਲ ਵਰਤਾਰਾ ਰਹੀ ਹੈ। ਬਿਰਤਾਂਤ ਮਨੁੱਖ ਦੀ ਮੂਲ ਸੰਚਾਰ ਬਿਰਤੀ ਹੈ। ਮਨੁੱਖੀ ਸਭਿਆਚਾਰ ਦੇ ਇਤਿਹਾਸ ਦੇ ਤਿੰਨ ਯੁਗਾਂ, ਮਿਥ, ਧਰਮ ਅਤੇ ਵਿਗਿਆਨ ਦੇ ਵਿਭਿੰਨ ਪ੍ਰਗਟਾਅ ਮਾਧਿਅਮ ਵਿਚ ਬਿਰਤਾਂਤ ਦੀ ਹੋਂਦ ਵਿਦਮਾਨ ਰਹੀ ਹੈ।

H.Porter Aabbott ਅਨੁਸਾਰ "Narrative is the representation of an event or a series of events"[2] ਬਿਰਤਾਂਤ ਘਟਨਾ ਜਾਂ ਘਟਨਾਵਾਂ ਦੀ ਲੜੀ ਦੀ ਪੇਸ਼ਕਾਰੀ ਹੈ। ਅੱਬਾਟ ਬਿਰਤਾਂਤ ਦੀ ਹੋਂਦ ਲਈ ਘੱਟੋ-ਘੱਟ ਦੋ ਘਟਨਾਵਾਂ ਦੇ ਲਾਜ਼ਮੀ ਹੋਣ ਦੀ ਬਜਾਏ ਸਿਰਫ ਇਕ ਰਾਹੀਂ ਬਿਰਤਾਂਤ ਦੇ ਜਨਮ ਲੈਣ ਨੂੰ ਸਵੀਕਾਰਾਰਦਾ ਹੈ। ਉਹ ਕਹਿੰਦਾ ਹੈ ਕਿ ਬਿਨਾ ਕਿਸੇ ਘਟਨਾ ਜਾਂ ਕ੍ਰਿਆਂ (ਅਚਟੋਨਿ) ਦੇ ਵਰਨਣ (ਦਏਸਚਰਪਟਿੋਨਿ) ਜਾਂ ਸਪਸ਼ਟੀਕਰਨ (ਓਣਪੋਸਟਿੋਨਿ) ਹੋ ਸਕਦਾ ਹੈ, ਪਰ ਬਿਰਤਾਂਥ ਨਹੀਂ। ਜਿਵੇਂ ਉਹ ਕਹਿੰਦਾ ਹੈ।

"My Dog has Flea" is a description of my dog but it is not a narrative because nothing happens and "My dog was bitten by a flea" It is a narrative. It tells an event.[3]

ਬਿਰਤਾਂਤ ਦੀ ਬਣਤਰ ਦਾ ਇਹ ਨੇਮ, ਬਿਰਤਾਂਤ ਵਿਚ ਘਟਨਾ ਨੂੰ ਮੁਖ ਤੱਤ ਵਜੋਂ ਸਵੀਕਾਰ ਕਰਦਾ ਹੈ। ਬਿਰਤਾਂਤ ਸ਼ਾਸਤਰ ਵਿਚ ਇਕ ਸਥਿਤੀ ਤੋਂ ਦੂਜੀ ਸਥਿਤੀ ਵਿਚ ਪਰਿਵਤਰਨ ਨੂੰ ਘਟਨਾ ਕਿਹਾ ਜਾਂਦਾ ਹੈ। ਘਟਨਾ ਇਕ ਸਥਿਤੀ ਤੋਂ ਦੂਜੀਂ ਵਿਚ ਰੂਪਾਂਤਰਣ ਕਰਦੀ ਹੈ ਜੋ ਕਥਾ ਦਾ ਬਦਲਣਸ਼ੀਲ ਤੱਤ ਹੈ।

ਪੰਜਾਬੀ ਵਿਚ ਬਿਰਤਾਂਤ ਸ਼ਾਸਤਰ ਸੰਕਲਪੀ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਂਓਰਰਅਟੋਲੋਗੇ ਦੇ ਸਮਾਨਾਰਥਕ ਰੂਪ ਵਜੋਂ ਵਰਤਿਆ ਜਾਂਦਾ ਹੈ। ਜੋਨਾਥਨ ਕੁਲਰ ਅਨੁਸਾਰ [Jonathan Culler]The theory of narrative [narratology] has been an active branch of literacy theory, and literacy study series on theories of narrative structure on notions of plot, of different kinds of narrators, of narrative techniques. The poetics of narrative as we might call it. Both attempts to understand the components of narrative and analysis how particular narratives achievers their effects"[4]

ਜੋਨਾਥਨ, ਬਿਰਤਾਂਤ ਦੇ ਸਿਧਾਂਤ ਨੂੰ ਹੀ ਬਿਰਤਾਂਤ ਸ਼ਾਸਤਰ ਕਹਿੰਦਾ ਹੈ। ਉਹ ਬਿਰਤਾਂਤ ਸ਼ਾਸਤਰ ਨੂੰ ਸਾਹਿਤ-ਸਿਧਾਂਤ ਅਤੇ ਸਾਹਿਤ ਅਧਿਐਨ ਦੀ ਇਕ ਅਹਿਮ ਅਤਰ ਸਰਗਰਮ ਵੰਨਗੀ ਵਜੋਂ ਪ੍ਰਵਾਨ ਚੜੀ ਵਿਧੀ ਮੰਨਦਾ ਹੈ। ਜਿਸ ਵਿਚ ਬਿਰਤਾਂਤਕ ਸਰੰਚਨਾ, ਕਥਾਨਕ-ਬੁਣਤੀ, ਵੱਖ-ਵੱਖ ਕਿਸਮ ਦੇ ਬਿਰਤਾਂਤਕਾਰ, ਬਿਰਤਾਂਤਕ ਜੁਗਤਾਂ ਦੇ ਆਧਾਰ ਤੇ ਬਿਰਤਾਂਤ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਉਹ ਇਸਨੂੰ ਬਿਰਤਾਂਤ ਦਾ ਕਾਵਿ ਸ਼ਾਸਤਰ ਕਹਿੰਦਾ ਹੈ; ਜਿਸ ਰਾਹੀਂ ਬਿਰਤਾਂਤ ਵਿਚਲੇ ਤੱਤਾਂ ਨੂੰ ਸਮਝਣ ਦੇ ਨਾਲ ਨਾਲ ਇਹ ਵੀ ਦੇਖਿਆ ਜਾਂਦਾ ਹੈ ਕਿ ਕੋਈ ਵਿਸ਼ੇਸ਼ ਬਿਰਤਾਂਤ ਕਿਸ ਤਰ੍ਹਾਂ ਖਾਸ ਪ੍ਰਭਾਵ ਪਾਉਣ ਦੇ ਸਮਰੱਥ ਹੁੰਦਾ ਹੈ।

ਬਿਰਤਾਂਤ ਸ਼ਾਸਤਰ ਦੇ ਸਿਧਾਂਤਕ-ਚੌਖਟੇ ਨੂੰ ਸਪਸ਼ਟ ਕਰਨ ਲਈ ਵਿਸ਼ਵ ਦੇ ਅਲਗ ਅਲਗ ਖਿਤਿਆ ਵਿਚ ਗੰਭੀਰ ਪ੍ਰਯਤਨ ਹੋਏ ਮਿਲਦੇ ਹਨ। ਬਿਰਤਾਂਤ ਸ਼ਾਸਤਰ ਨੂੰ ਸ਼ੁੱਧ ਵਿਗਿਆਨਕ ਸਰੂਪ ਤੋਂ ਪਹਿਲਾਂ ਤੋਦੋਰੋਵ ($T_2$veton Todorov) ਨੇ ਪ੍ਰਦਾਨ ਕੀਤਾ । ਬਿਰਤਾਂਤ ਸੰਬੰਧੀ ਉਸਦੀਆਂ ਮੂਲ ਧਾਰਨਾਵਾਂ ਉਸਦੀ ਕਿਤਾਬ ਿਨਟਰੋਦੁਚਟੋਿਨ ਟੋ ਪੋਏਟਚਿਸ ਦੁਆਰਾ ਸਾਹਮਣੇ ਆਈਆਂ। ਇਸ ਤੋਂ ਬਾਅਦ ਜੈਨੇ (Gereld Genette) ਨੇ ਬਿਰਤਾਂਤ ਸ਼ਾਸਤਰ ਬਾਰ ਸ਼ੁੱਧ ਵਿਗਿਆਨਕ ਅਤੇ ਅਹਿਮ ਧਾਰਨਾਵਾਂ ਪੇਸ਼ ਕੀਤੀਆਂ। ਉਸ ਤੋਂ ਬਾਅਦ ਮੀਕ ਬਲ (Mieke Bal) ਅਤੇ ਪ੍ਰਿੰਸ (Gerard Prince) ਨੇ ਵੀ ਬਿਰਤਾਂਤ ਦੀ ਹੋਂਦ ਵਿਧੀ ਵਿਚ ਸਹਾਈ, ਸਾਰੇ ਪੱਖਾਂ ਨੂੰ ਵਿਸਥਾਰ ਨਾਲ ਵਿਚਾਰਦਿਆਂ ਬਿਰਤਾਂਤ ਵਿਗਿਆਨ ਦੀ ਸਥਾਪਨਾ ਦਾ ਕੰਮ ਸੰਪੂਰਨਤਾ ਤੱਕ ਪਹੁੰਚਾਣ ਦਾ ਸਫਲ ਯਤਨ ਕੀਤਾ। ਇਸ ਤੋਂ ਢਾਹ ਲਗਾਣੀ ਸੁਰੂ ਹੋ ਗਈ। ਉਤਰ-ਆਧੁਨਿਕ ਚਿੰਤਕਾਂ ਨੇ ਬਿਰਤਾਂਤਕ ਰਚਨਾਵਾਂ ਵਿਚੋਂ ਸ਼ੁੱਧ ਵਿਗਿਆਨਕਤਾ ਦੀ ਤਲਾਸ਼ ਨੂੰ ਅਧੂਰਾ ਅਤੇ ਸਮਾਜੀ ਬਦਲਾਵ ਵਿਚ ਕੋਈ ਹਿੱਸਾ ਨਾ ਪਾਉਣ ਵਾਲਾ ਕਿਹਾ। ਉਤਰ-ਆਧੁਨਿਕ ਚਿੰਤਕਾਂ ਵਲੋਂ ਬਿਰਤਾਂਤ ਦੇ ਵਿਗਿਆਨਕ ਸਰੂਪ ਨੂੰ ਚੁਣੌਤੀ ਮਿਲਣ ਲੱਗੀ ਅਤੇ ਬਿਰਤਾਂਤ ਵਿਗਿਆਨ ਦੇ ਖਾਤਮੇ ਦਾ ਐਲਾਨ ਹੋਣ ਲਗ ਪਿਆ। ਬਿਰਤਾਂਤ ਵਿਗਾਨ ਦੀ ਮੌਤ ਇਕ ਅਜਿਹਾ ਸੰਕੇਤ ਸੀ ਜਿਸ ਨਾਲ ਰੂਪਵਾਦ ਅਤੇ ਸੰਰਚਨਾਵਾਦ ਦੀਆਂ ਬੁਨਿਆਦਾਂ ਉਤੇ ਉਸਰੇ ਬਿਰਤਾਂਤ ਸ਼ਾਸਤਰ ਨਾਕਾਰ ਦਿੱਤਾ ਗਿਆ । ਉਸਦੀ ਥਾਂ ਅਜਿਹੇ ਬਿਰਤਾਂਤ ਸ਼ਾਸਤਰ ਦੀ ਸਥਾਪਨਾ ਦਾ ਮੁੱਢ ਵਜਾ ਜਿਹੜਾ ਸਿਰਫ ਬਿਰਤਾਂਤਕ ਰਚਨਾਵਾਂ ਦੀ ਤਕਨੀਕ ਦੇ ਅਧਿਐਨ ਤਕ ਸੀਮਤ ਨਹੀਂ ਹੁੰਦਾ ਸਗੋਂ ਉਸਦੇ ਉਲਟ ਮਨੁੱਖ ਦੇ ਬਿਰਤਾਂਤ ਸਿਰਜਣ ਦੀ ਪ੍ਰਕਿਰਿਆ ਅਤੇ ਪ੍ਰਯੋਜਨ ਨੂੰ ਵਿਚਾਰਧਾਰਕ ਪ੍ਰਵਚਨ ਸਮਝ ਕੇ ਵਿਸ਼ਲੇਸ਼ਣ ਅਤੇ ਮੁਲਾਂਕਣ ਵੱਲ ਵਧਦਾ ਹੈ। ਮਾਰਕ ਕਿਊਰੀ (ਂਓਰਕ ਛੁਰਰਇ) ਨੇ ਇਸ ਪਰਿਵਤਰਨ ਨੂੰ ਆਪਣੀ ਪੁਸਤਕ "ਫੋਸਟਮੋਦਏਰਨ ਂਓਰਰਓਟਵਿਏ ਠਹਏੋਰੇ' ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ।

" From discovery to invention, from coherence to complexity and from poetics to politics: this is the short summary of the transition that took place in narratology theory."[5] ਉਸ ਅਨੁਸਾਰ ਬਿਰਤਾਂਤ ਸ਼ਾਸਤਰ ਲੱਭਤ ਤੋਂ ਖੋਜਣ ਵੱਲ, ਇਕਸਾਰਤਾ ਤੋਂ ਜਟਿਲਤਾ ਵੱਲ ਅਤੇ ਕਾਵਿ ਸ਼ਾਸਤਰ ਤੋਂ ਰਾਜਨੀਤੀ ਵੱਲ ਮੁੜਦਾ ਹੈ। ਇਸ ਦ੍ਰਿਸ਼ਟੀ ਨਾਲ ਕਿਸੇ ਚਿਹਨ, ਘਟਨਾ, ਪਾਤਰ ਆਦਿ ਤੱਤਾਂ ਤੋਂ ਵਿਚੋਂ ਇਤਿਹਾਸ ਦੇ ਵਿਰਾਟ ਰੂਪ ਦਾ ਅਕਸ ਮਿਲਣ ਦੀ ਸੰਭਾਵਨਾ ਵੀ ਪੈਦਾ ਹੁੰਦੀ ਹੈ। ਇਸ ਆਧਾਰ ਤੇ ਅਸੀਂ 'ਲਵਾਸੇ" ਕਹਾਣੀ ਦਾ ਬਿਰਤਾਂਤ ਸ਼ਾਸਤਰੀ ਅਧਿਐਨ, ਬਿਰਤਾਂਤਕਾਰ ਦੀ ਸਥਿਤੀ, ਘਟਨਾ ਚੋਣ ਅਤੇ ਘਟਨਾ ਪ੍ਰਬੰਧ, ਪਾਤਰ ਚੋਣ ਅਤੇ ਪਾਤਰ ਉਸਾਰੀ ਅਤੇ ਗਲਪੀ ਭਾਸ਼ਾ ਦੇ ਆਧਾਰ ਤੇ ਕਰਨ ਦਾ ਯਤਨ ਕਰਾਂਗੇ।

**ਬਿਰਤਾਂਤਕਾਰ ਦੀ ਸਥਿਤੀ :** ਲਵਾਸੇ ਵਿਚ ਕਸ਼ਮੀਰ ਸੰਕਟ ਨੂੰ ਵਿਸ਼ਾ ਬਣਾਉਂਦੀਆਂ, ਉਤਮ-ਪੁਰਖੀ ਬਿਰਤਾਂਤਕਾਰ ਵਜੋਂ ਫੋਕਸ ਕੀਤਾ ਗਿਆ ਹੈ। ਇਸ ਵਿਚ ਕਥਾਕਾਰ "ਮੈਂ" ਪਾਤਰ ਦੀ ਭੂਮਿਕਾ ਵਿਚ ਕਹਾਣੀ ਬਿਆਨ ਕਰ ਰਹੀ ਹੈ । ਬਿਰਤਾਂਤਕਾਰ ਫੋਕਸ ਕਰਦੀ ਹੈ ਕਿ ਇਸ ਸਮੱਸਿਆ ਅਤੇ ਤਣਾਵ ਦੇ ਦੌਰ ਵਿਚ ਕਿਵੇਂ ਬਹੁਤੇ ਨੌਜਵਾਨ ਜੋ ਪਹਿਲਾਂ ਸੱਚ-ਹੱਕ ਦੀ ਰਾਖੀ ਅਤੇ ਕਿਸੇ ਮਜ਼ਲੂਮ ਦੀ ਹਿਫਾਜ਼ਤ ਲਈ ਆਪਣੀ ਜਾਨ ਦੀ ਪਰਵਾਹ ਨਹੀਂ ਸਨ ਕਰਦੇ, ਅੱਜ ਕਿਸ ਦੀ ਰਾਖੀ ਅਤੇ ਹਿਫਾਜ਼ਤ ਲਈ ਹੱਥਾਂ ਵਿਚ ਮਾਰੂ ਹਥਿਆਰ ਚੁਕੀ ਬਾਰੂਦ ਦੀ ਹੋਲੀ ਖੇਲ ਰਹੇ ਹਨ? ਉਹ ਫੋਕਸ ਕਰਦੀ ਹੈ ਕਿ ਜੋ ਲੋਕ ਕਿਸੇ ਅਣਜਾਣ ਅਤੇ ਪਰਾਏ ਨੂੰ ਜ਼ਰੂਰਤ ਸਮੇਂ, ਉਸ ਨਾਲ ਖੜ ਜਾਂਦੇ ਸੀ, ਉਹ ਗਭਰੂ ਹੁਣ ਆਪਣੀਆਂ ਨੂੰ ਹੀ ਕਿਉਂ ਗੋਲੀਆਂ ਅਤੇ ਬੰਬਾਂ ਦੀ ਸੌਗਾਤ ਵੰਡ ਰਹੇ ਹਨ?

" ਅਲੀ ਬਦੂਰਾ ਜਿਸਦੀਆਂ ਸਿਰਫ ਅੱਖੀਆਂ ਦੀ ਪਾਕੀਜ਼ਗੀ ਤੇ ਵਿਸ਼ਵਾਸ ਕਰਕੇ, ਮੈਂ ਆਪਣਾ ਘਰ ਛੱਡ ਪੂਰੀ ਰਾਤ ਉਸਦੀ ਦੁਕਾਨ 'ਚ ਲੱਗੇ ਤੰਦੂਰ ਓਹਲੇ ਉਸਦੇ ਗੋਡਿਆਂ 'ਤੇ ਸਿਰ ਟਿਕਾ ਕੇ ਲੰਘਾ ਦਿੱਤੀ ਸੀ.. ਉਹ ਅਲੀ ਬਦੂਰਾ ਅੱਜ ਆਤੰਕਵਾਦੀ ? ਇਸ ਤਨਜ਼ੀਮ ਦਾ ਏਰੀਆਂ ਕਮਾਂਡਰ? ਅਸਲੀ ਏਰੀਆਂ ਕਮਾਂਡਰ ਤਾਂ ਉਦੋਂ ਸੀ ਜਦ ਪੂਰੇ ਏਰੀਏ ਨੂੰ ਫ਼ੌਜੀਆਂ ਨੇ ਛਾਉਣੀ ਬਣਾ ਰੱਖਿਆਂ

ਹੋਇਆ ਸੀ ਤਾਂ ਉਸਨੇ ਬੂਹੇ ਤੇ ਖੜੋ ਕੇ ਕਿਸੇ ਨੂੰ ਮੇਰੇ ਵਲ ਝਾਂਕਣ ਦੀ ਵੀ ਇਜਾਜ਼ਤ ਨਹੀਂ ਸੀ ਦਿੱਤੀ । ਅਸਲੀ ਏਰੀਆਂ ਕਮਾਂਡਰ ਤਾਂ ਅਲੀ ਬੂਦਰਾ ਉਦੋਂ ਸੀ ਜਦ ਉਸੇ ਏਰੀਆ 'ਚੋਂ ਆਪਣੀਆਪਣੀ ਭੈਣ ਦਾ ਬੁਰਕਾ ਪਵਾ ਕੇ ਉਸ ਮੈਨੂੰ ਹਿਫਾਜ਼ਤ ਨਾਲ ਮੇਰੇ ਹੀ ਘਰ ਦੇ ਆਤੰਕਵਾਦੀਆਂ ਤੋਂ ਹਿਫ਼ਾਜ਼ਤ ਕੀਤੀ ਸੀ।[6]
ਬਿਰਤਾਂਤਕਾਰ ਫੋਕਸ ਕਰਦੀ ਹੈ ਕਿ ਉਹ ਕੀ ਕਾਰਨ ਹਨ, ਜਿਨ੍ਹਾਂ ਕਰਕੇ ਕਸ਼ਮੀਰ ਦੀ ਜਵਾਨੀ, ਇਸ ਮੌਤ ਦੀ ਰਾਹ ਤੇ ਚਲ ਪਈ ਹੈ? ਕਿਉਂ ਕਸ਼ਮੀਰੀ ਨੌਜਵਾਨ ਆਪਣੇ ਜੀਵਨ ਨੂੰ ਅਸਲ ਪਸੰਦ ਅਤੇ ਖੁਸ਼ਹਾਲ ਬਿਤਾਣ ਦੀ ਥਾਂ ਤਨਾਵ ਵਿਚ ਗੁਜ਼ਾਰ ਰਿਹਾ ਹੈ ? ਉਹ ਕਿਹੜੀ ਘੁਟਣ ਅਤੇ ਕੜਵਾਹਟ ਹੈ ਉਸਨੂੰ ਏ. ਕੇ 47 ਦੀ ਨੋਕ ਰਾਹੀਂ ਬਾਹਰ ਕੱਢਿਆ ਜਾ ਰਿਹਾ ਹੈ ? ਨੀਰ, ਆਪਣੀ ਕਹਾਣੀ ਦੇ ਬਿਰਤਾਂਤਕੀ ਸੰਗਠਨ ਨੂੰ ਇਨ੍ਹਾਂ ਸਵਾਲਾਂ ਤੇ ਕੇਂਦਰਿਤ ਕਰਦੀ ਹੋਈ, ਇਸ ਦਾ ਬਿਰਤਾਂਤਕੀ ਚੱਕਰ ਅਸੁੰਲਨ ਤੋਂ ਅਸੰਲਨ ਦੁਆਰਾ ਪੂਰਾ ਕਰਦੀ ਹੈ। ਕਹਾਣੀ ਵਿਚ ਪਰਸਥਿਤੀਆਂ ਸ਼ੁਰੂ ਤੋਂ ਅੰਤ ਤੱਕ ਅਸੰਤੁਲਿਤ ਹੀ ਰਹਿੰਦੀਆਂ ਹਨ।
ਘਟਨਾ ਚੋਣ ਅਤੇ ਘਟਨਾ ਪ੍ਰਬੰਧ : ਜਦ ਕਿਸੇ ਸਮਾਜ ਵਿਚ ਆਤੰਕਵਾਦ ਦਾ ਦੌਰ ਚਲਦਾ ਹੈ ਤਾਂ ਸੱਚ ਕਹਿਣ ਅਤੇ ਲਿਖਣ ਵਾਲੇ ਸਭ ਤੋਂ ਪਹਿਲਾਂ ਉਸਦਾ ਸ਼ਿਕਾਰ ਬਣਦੇ ਹਨ ਹਨ। ਇਸ ਦਹਿਸ਼ਤ ਨੂੰ ਕਬੂਲਦੇ ਹੋਏ ਕਈ ਵਾਰ ਲੇਖਕ ਮੋਨ ਧਾਰ ਲੈਂਦੇ ਹਨ, ਪਰ ਜੰਮੂ-ਕਸ਼ਮੀਰ ਦੇ ਪੰਜਾਬੀ ਕਹਾਣੀਕਾਰ ਇਸ ਗਲੋਂ ਤਾਰੀਫ ਦੇ ਪਾਤਰ ਹਨ ਕਿ ਉਹ ਇਸ ਸੰਕਟ ਦੇ ਵਕਤ ਚੁਪ ਕਰਕੇ ਨਹੀਂ ਰਹਿੰਦੇ ਸਗੋਂ ਬਿਰਤਾਂਤਕ ਸੰਵਾਦ ਛੇੜੀ ਰਖਦੇ ਹਨ। ਪਰਤੂੰ ਉਹ ਆਪਣੀ ਗੱਲ ਪੂਰੀ ਨਿਡਰਤਾ ਅਤੇ ਸਪਸ਼ਟਤਾ ਨਾਲ ਕਹਿਣ ਦੀ ਬਜਾਏ, ਓਹਲਾ-ਯੁਕਤਾ ਬਿਰਤਾਂਤਕ ਵਿਧੀ ਦੁਆਰਾ ਚਿੰਨ੍ਹਾਂ, ਪ੍ਰਤੀਕਾਂ ਅਤੇ ਮਿਥਾਂ ਆਦਿ ਦੇ ਹਵਾਲਿਆਂ ਨਾਲ ਕਹਿਣ ਦਾ ਯਤਨ ਕਰਦੇ ਹਨ। ਇਸ ਲਈ ਇਸ ਕਹਾਣੀ ਦੀ ਘਟਨਾ ਚੋਣ ਅਤੇ ਘਟਨਾ ਪ੍ਰਬੰਧ ਨੂੰ ਸਮਝ ਕੇ ਬਿਰਤਾਂਤਕਾਰ ਦੀ ਅਸਲ ਮੰਸ਼ਾ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ। ਕਥਾਕਾਰ ਨੇ ਇਨ੍ਹਾਂ ਘਟਨਾਵਾਂ ਦੀ ਚੋਣ ਰਾਹੀਂ ਬਿਰਤਾਂਤਕੀ ਸੰਗਠਨ ਨੂੰ ਪੇਸ਼ ਕੀਤਾ ਹੈ।

**ਪਹਿਲੀ ਘਟਨਾ :** ਜਦ ਗੀਤਾਂਜਲੀ ਦੇ ਪਰੀਵਾਰ ਨੂੰ ਕਸ਼ਮੀਰ ਆਏ ਨੂੰ ਇਕ ਸਾਲ ਹੁੰਦਾ ਹੈ, ਤਾਂ ਉਨ੍ਹਾਂ ਦੇ ਪਰਿਵਾਰ ਵਿਚ ਰਾਜਪਾਲ ਰਹਿਣ ਲਈ ਆ ਜਾਂਦਾ ਹੈ।

**ਦੂਜੀ ਘਟਨਾ :** ਗੀਤਾਂਜਲੀ ਦੇ ਪਿਤਾ ਜਦ ਗੀਤਾਂਜਲੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲਗਦੇ ਹਨ।

**ਤੀਜੀ ਘਟਨਾ :** ਗੀਤਾਂਜਲੀ ਦੀ ਮਾਂ ਦਾ ਉਸਨੂੰ ਹੋਸਟਲ ਲੈਣ ਲਈ ਆਉਣਾ ਤੇ ਉਸਦੇ ਪਹਿਰਾਵੇ ਨੂੰ ਦੇਖ ਸਾਰੇ ਹੋਸਟਲ ਵਾਲਿਆ ਦਾ ਹੈਰਾਨ ਹੋਣਾ।

**ਚੋਥੀ ਘਟਨਾ :** ਗੀਤਾਂਜਲੀ ਦਾ ਅਲੀ ਬੁਦਰਾ ਦੀ ਬੇਕਰੀ ਤੇ ਜਾ ਕੇ ਰੋਣਾ ਅਤੇ ਪਾਣੀ ਮੰਗਣਾ।

**ਪੰਜਵੀ ਘਟਨਾ :** ਰਾਜਪਾਲ ਦਾ ਜਬਰਦਸਤੀ ਗੀਤਾਂਜਲੀ ਦਾ ਹੱਥ ਫੜਨਾ ਅਤੇ ਗੀਤਾਂਜਲੀ ਦੀ ਮਾਂ ਦਾ ਉਨਹਾਂ ਦੋਹਾਂ ਦੇ ਵਿਆਹ ਦਾ ਐਲਾਨ ਕਰਨਾ।

**ਛੇਵੀਂ ਘਟਨਾ :** ਗੀਤਾਂਜਲੀ ਦਾ ਘਰੋਂ ਨੱਸ ਕੇ ਬੇਕਰੀ ਤੇ ਪਹੁੰਚਣਾਂ । ਅਲੀ ਬੁਦਰਾ ਦਾ ਉਸਦੀ ਸਹਾਇਤਾ ਕਰਨਾ।

**ਸਤੱਵੀਂ ਘਟਨਾ :** ਗੀਤਾਂਜਲੀ ਦਾ ਵਿਆਹ ਕਰਨਾ ਤੇ ਫਿਰ ਵਿਧਵਾ ਹੋ ਜਾਣਾ ਅ ਤੇ ਫਿਰ ਦਿੱਲੀ ਚਲੇ ਜਾਣਾ।

**ਅਠਵੀਂ ਘਟਨਾ :** ਗੀਤਾਂਜਲੀ ਦਾ ਰਿਪੋਰਟ ਵਜ਼ੋਂ ਦੁਬਾਰਾ ਸ਼੍ਰੀਨਗਰ ਆਉਣਾ ਅਤੇ ਆਤੰਕਵਾਦੀਆਂ ਦੀਆਂ ਤਸਵੀਰਾਂ 'ਚੋਂ ਅਲੀ ਬੂਦਰਾ ਨੂੰ ਪਹਿਚਾਣਨਾ।
ਇਨ੍ਹਾਂ ਘਟਨਾਵਾਂ ਦਾ ਪ੍ਰਬੰਧ ਇਸ ਤਰ੍ਹਾਂ ਸਿਰਜਿਆ ਗਿਆ ਹੈ ਕਿ ਪਹਿਲੀ ਘਟਨਾ ਜਦ ਗਿਤਾਂਜਲੀ ਦਾ ਰਿਪੋਟਰ ਵਜ਼ੋਂ ਦੁਬਾਰਾ ਸ਼੍ਰੀਨਗਰ ਆਉਣਾ ਅਤੇ ਮਰੇ ਆਤੰਕਵਾਦੀਆਂ ਦੀਆਂ ਤਸਵੀਰਾਂ 'ਚੋਂ ਅਲੀ ਬੂਦਰਾ ਨੂੰ ਪਹਿਚਾਣਨਾ। ਇਸ ਤੋਂ ਬਾਅਦ ਦੀਆਂ ਘਟਨਾਵਾਂ ਫਲੈਸ਼ ਬੈਕ ਭਾਵ ਪਿੱਛਲਝਾਤ ਵਿਧੀ ਦੁਆਰਾ ਪੇਸ਼ ਕੀਤੀਆਂ ਗਈਆਂ ਹਨ।
ਇਹ ਸਾਰੀਆ ਘਟਨਾਵਾਂ ਸ਼੍ਰੀਨਗਰ, ਕਸ਼ਮੀਰ ਵਿਖੇ ਘਟਦੀਆਂ ਹਨ। ਬਿਰਤਾਂਤਕਾਰ ਵਲੋਂ ਪੇਸ਼ ਘਟਨਾਵਾਂ ਨੂੰ ਧਿਆਨ ਨਾਲ ਦੇਖਦਿਆਂ ਪਤਾ ਲਗਦਾ ਹੈ ਕਿ ਉਹ ਗੀਤਾਂਜਲੀ ਦੀ ਬਗਾਵਤ ਰਾਹੀਂ ਅਲੀ ਬੂਦਰਾ ਦੀ ਬਗਾਵਤ ਨੂੰ ਦਰਸਾਉਣਾ ਚਾਹੁੰਦੀ ਹੈ। ਜਿਵੇਂ ਬੇਗਾਨਗੀ ਅਤੇ ਉਸਦੀ ਮਰਜ਼ੀ ਤੋਂ ਬਗੈਰ ਕਿਸੇ ਨਾਲ ਜਬਰਦਸਤੀ ਮੜਨ ਕਰਕੇ ਗੀਤਾਂਜਲੀ ਬਗਾਵਤ ਕਰਦੀ ਹੈ। ਇਸੇ ਤਰ੍ਹਾਂ ਅਲੀ ਬੂਦਰਾ ਜੇਹੇ ਨੌਜਵਾਨ ਵੀ ਕਸ਼ਮੀਰ ਨੂੰ ਕਿਸੇ ਨਾਲ ਵੀ ਜੋੜਨ ਤੋਂ ਬੇਗਾਨਗੀ ਤੋਂ ਗੁਜ਼ਰ ਰਹੇ ਹਨ।
ਪਾਤਰ ਚੋਣ ਅਤੇ ਪਾਤਰ ਉਸਾਰੀ - ਪਾਤਰ ਚੋਣ ਅਤੇ ਪਾਤਰ ਉਸਾਰੀ ਦਾ ਕਹਾਣੀ ਵਿਚ ਸਥਾਨ ਹੈ। ਘਟਨਾਵਾਂ ਨੂੰ ਵਾਪਰਨ ਲਈ ਕਿਸੇ ਕਰਿੰਦੇ (ਅਗਇਨਟ) ਦੀ ਜਰੂਰਤ ਹੁੰਦੀ ਹੈ। ਕਰਿੰਦਾ ਚਾਹੇ ਮਨੁੱਖ ਦੀ ਥਾਂ ਕੋਈ ਜਾਨਵਾਰ, ਪੰਛੀ ਆਦਿ ਹੀ ਕਿਉਂ ਨਾ ਹੋਵੇ। ਪਾਤਰ ਤੋਂ ਬਿਨਾਂ ਘਟਨਾ ਦਾ ਵਾਪਰਨਾ ਸੰਭਵ ਨਹੀਂ । ਡਾ. ਧਨਵਮਤ ਕੌਰ ਅਨੁਸਾਰ "ਜਦੋਂ ਕਿਸੇ ਸੰਚਾਰ ਨੂੰ ਘਟਨਾਵਾਂ ਦਾ ਵਾਪਰਨਾ ਸੰਭਵ ਨਹੀਂ।"
ਡਾ: ਧਨਵੰਤ ਕੌਰ ਅਨੁਸਾਰ : ਜਦੋਂ ਕਿਸੇ ਸੰਚਾਰ ਨੂੰ ਘਟਨਾਵਾਂ ਅਤੇ ਕਿਰਦਾਰਾਂ ਦੇ ਪਰਸਪਰ ਸੰਬੰਧਾ ਵਿਚ ਲਕਸ਼ਿਤ ਕੀਤਾ ਜਾਂਦਾ ਹੈ, ਉਦੋਂ ਬਿਰਤਾਂਤ ਹੋਂਦ ਵਿਚ ਆਉਂਦਾ ਹੈ।" ਇਸ ਲਈ ਬਿਰਤਾਂਤਕਾਰ ਘਟਨਾਵਾਂ ਦੀ ਸੁੱਚਜੀ ਪੇਸ਼ਕਾਰੀ, ਢੁਕਵੀ ਪਾਤਰ ਚੋਣ ਰਾਹੀਂ ਹੀ ਸੰਭਵ ਕਰ ਸਕਦਾ ਹੈ। ਨੀਰ ਨੇ ਇਸ ਕਹਾਣੀ ਵਿਚ ਜੋ ਪਾਤਰ ਚੁੱਣੇ ਹਨ ਅਤੇ ਜੋ ਪਾਤਰਾਂ ਦੇ ਕਿਰਦਾਰ ਘੜੇ ਹਨ ਉਸ ਇਸ ਤਰ੍ਹਾਂ ਹਨ।
ਬਿਰਤਾਂਤਕਾਰ ਨੇ 'ਲਵਾਸੇ' ਵਿਚ ਗੀਤਾਂਜਲੀ, ਸਰੀਤਾ ਯਾਦਵ, ਮੇਜਰ ਰਿਪੂਦਮਨ ਯਾਦਵ ਅਤੇ ਰਾਜਪਾਲ ਅਲੀ ਬੂਦਰਾ ਆਦਿ ਪਾਤਰਾਂ ਨੂੰ ਚੁਣਿਆ ਹੈ। ਇਨ੍ਹਾਂ ਵਿਚੋਂ ਅਲੀ ਬੂਦਰਾ ਹੀ ਕਸ਼ਮੀਰੀ ਹੈ। ਬਾਕੀ ਸਾਰੇ ਪਾਤਰ ਕਸ਼ਮੀਰ ਤੋਂ ਬਾਹਰ ਦੇ ਲਏ ਗਏ ਹਨ।
ਗੀਤਾਂਜਲੀ ਕਹਾਣੀ ਦੀ ਮੈਂ ਪਾਤਰ ਹੈ ਜੋ ਸਾਰੇ ਬਿਰਤਾਂਤ ਨੂੰ ਬਿਆਨ ਕਰ ਰਹੀ ਹੈ। ਇਹ ਕਾਲਜ ਦੀ ਵਿਧਿਆਰਥਨ ਹੈ। ਇਸ ਨੂੰ ਮਾਪਿਉ ਵਲੋਂ ਪਿਆਰ ਅਤੇ ਆਪਣਾਪਣ ਕਦੇ ਨਸੀਬ ਨਹੀਂ ਹੁੰਦਾ। ਜਦ ਇਸ ਦਾ ਜਬਰਨ ਰਿਸ਼ਤਾ ਰਾਜਪਾਲ ਨਾਲ ਜੋੜਨ ਦੀ ਕੋਸ਼ਿਸ ਕੀਤੀ ਜਾਂਦੀ ਹੈ ਤਾਂ ਉਹ ਬਗਾਵਤ ਕਰ ਦਿੰਦੀ

ਹੈ। ਇਹ ਡਰੀ-ਸਹਿਮੀ ਅਤੇ ਘੁੱਟਣ ਵਿਚ ਜਿਊਣ ਵਾਲੀ ਪਾਤਰ ਹੈ ਜੋ ਆਪਣੇ ਪਰਿਵਾਰ ਖਿਲਾਫ ਬਗਾਵਤ ਨੂੰ ਹੀ ਆਪਣੀ ਆਜ਼ਾਦੀ ਦਾ ਰਸਤਾ ਚੁਣਦੀ ਹੈ।

ਮੈਜ਼ਰ ਰਿਪੁਦਮਨ ਯਾਦਵ – ਇਹ ਆਰਮੀ ਵਿਚ ਆਫਿਸਰ ਹੈ ਅਤੇ ਗੀਤਾਂਜਲੀ ਦਾ ਪਿਤਾ ਵੀ। ਇਹ ਭਾਵੁਕਤਾ ਤੋਂ ਸਖਣਾ ਪਾਤਰ ਹੈ । ਜਿਸ ਲਈ ਕੋਈ ਵੀ ਰਿਸ਼ਤਾ ਮਾਇਨੇ ਨਹੀਂ ਰਖਦਾ।

ਸ਼ਰੀਤਾ ਯਾਦਵ – ਇਹ ਗੀਤਾਂਜਲੀ ਦੀ ਮਾਂ ਹੈ। ਇਹ ਆਪਣੇ ਪਰਿਵਾਰ ਨੂੰ ਕੋਈ ਸਮਾਂ ਨਹੀਂ ਦਿੰਦੀ । ਇਹ ਆਪਣਾ ਆਪ ਸਵਾਂਰਨ ਅਤੇ ਆਪਣੇ ਲਈ ਜਿਊਣ ਵਾਲੀ ਔਰਤ ਹੈ। ਇਹ ਆਪਣੇ ਸਵਾਰਥ ਲਈ ਕਿਸੇ ਵੀ ਰਿਸ਼ਤੇ ਦੀ ਬਲੀ ਦੇਣ ਨੂੰ ਤਿਆਰ ਰਹਿੰਦੀ ਹੈ।

"ਇਹ ਰਾਜਪਾਲ ਜੋ ਹੁਣ ਤਕ ਮੇਰੀ ਮਾਂ ਨੂੰ ਭੋਗਦਾ ਸੀ ਰਿਹਾ ਹੁਣ ਇਸਦੀ ਨਜ਼ਰ ਮੇਰੇ ਤੇ ਪੈ ਗਈ ? ਪਰ ਮਾਂ ਨੇ ਮੈਨੂੰ ਉਸਦੀ ਬੁਕਲ ਵਿਚ ਧਕੇਲਣ ਦਾ ਫੈਸਲਾ ਕਿਵੇਂ ਲੈ ਲਿਆ। ਜ਼ਰੂਰ ਕੋਈ ਬੜੀ ਸੌਦੇਬਾਜ਼ੀ ਹੋਈ ਹੋਵੇਗੀ।"[8]

ਰਾਜਪਾਲ : ਇਹ ਪਾਤਰ ਪਰਿਵਾਰ ਵਿਚੋਂ ਨਾ ਹੋਣ ਦੇ ਬਾਵਜੂਦ ਵੀ ਗੀਤਾਂਜਲੀ ਦੇ ਘਰ ਅੰਦਰ ਮਾਲਕਾਂ ਵਾਂਗ ਰਹਿੰਦਾ ਹੈ। ਇਸ ਨੂੰ ਉਹ ਅਖਤਿਆਰ ਵੀ ਮਿਲੇ ਹੋਏ ਹਨ ਜੋ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਨਹੀਂ ਮਿਲੇ।

ਅਲੀਬੂਦਰਾ : ਇਹ ਕਹਾਣੀ ਦਾ ਅਹਿਮ ਪਾਤਰ ਹੈ। ਇਹ ਕਹਾਣੀ ਵਿਚ ਘਟ ਸਮੇਂ ਲਈ ਆਉਂਦਾ ਹੈ। ਪਰ ਕਹਾਣੀ ਦਾ ਧੁਰਾ ਇਸਦੇ ਇਰਦ –ਗਿਰਦ ਘੁੰਮਦਾ ਹੈ। ਇਹ ਬੇਕਰੀ ਦਾ ਮਾਲਿਕ ਹੈ। ਇਹ ਨੇਕਦਿਲ ਅਤੇ ਲੋੜਵੰਦੀ ਦੀ ਮਦਦ ਕਰਨ ਵਾਲਾ ਨੌਜਵਾਨ ਹੈ।

ਬਿਰਤਾਂਤਕਾਰ ਵਲੋਂ ਇਨਾਂ ਪਾਤਰਾਂ ਦੀ ਚੋਣ ਅਤੇ ਪਾਤਰ ਉਸਾਰੀ ਨੂੰ ਸਮਝਦਿਆ ਇਹ ਗੱਲ ਸਾਹਮਣੇ ਆਉਂ ਦੀ ਹੈ ਕਿ ਉਹ ਇਨ੍ਹਾਂ ਪਾਤਰਾ ਨੂੰ ਪ੍ਰਤੀਕ ਵਜੋਂ ਵਰਤਣਾ ਚਾਹੁੰਦੀ ਹੈ। ਜਿਵੇਂ ਰਾਜਪਾਲ ਨੂੰ ਅਸੀਂ ਰਾਜਪਾਲ ਜਾਂ ਕੇਂਦਰ ਦੇ ਨੁਮਾਇੰਦੇ ਵਜ਼ੋਂ ਦੇਖ ਸਕਦੇ ਹਾਂ। ਜਿਵੇਂ ਕੇਂਦਰ ਦੀ ਕਸ਼ਮੀਰ ਵਿਚ ਦਖਲਅੰਦਾਜ਼ੀ ਨੂੰ ਅਲਗਾਵਾਦੀ ਜਾਂ ਮੁਜਾਹਿਦ ਨਾ ਪਸੰਦ ਕਰਦੇ ਹਨ, ਉਸੇ ਤਰ੍ਹਾਂ ਗੀਤਾਂਜਲੀ ਨੂੰ ਰਾਜਪਾਲ ਦਾ ਆਪਣੇ ਘਰ ਰਹਿਣਾ ਪਸੰਦ ਨਹੀਂ। ਸਹੀਤਾ ਜੋ ਮਾਂ ਦਾ ਫਰਜ ਨਹੀਂ ਨਿਭਾਉਂਦੀ ਉਸਨੂੰ ਨੂੰ ਰਿਆਸਤੀ ਸਰਕਾਰ ਦੇ ਪ੍ਰਤੀਕ ਵਜ਼ੋ ਪੇਸ਼ ਕੀਤਾ ਗਿਆ ਹੈ। ਉਸ ਸਰਕਾਰ ਵਜ਼ੋਂ ਜੋ ਆਪਣੀ ਜਨਤਾ ਨੂੰ ਰਾਜਪਾਲ ਨਾਲ ਭਾਵ ਕੈਨਦਰ ਨਾਲ ਪੱਕੇ ਤ੍ਰੋ ਤੇ ਜੋੜਨਾ ਚਾਹੁੰਦੀ ਹੈ। ਉਹ ਕਿਸੇ ਵੀ ਘੜੀ ਸੌਦੇਬਾਜੀ ਕਾਰਨ। ਇਸੇ ਤਰ੍ਹਾਂ ਰਿਪੁਦਮਨ ਯਾਦਵ ਉਸ ਰਕਸ਼ਾ ਪ੍ਰਬੰਧ ਵਜ਼ੋਂ ਸਾਹਮਣੇ ਆਉਂਦਾ ਹੈ ਜੋ ਕਸ਼ਮੀਰੀ ਆਵਾਮ ਨੂੰ ਰਖਿਆ ਦਾ ਅਸਿਹਾਸ ਘੱਟ ਕਰਾਉਂਦਾ ਹੈ ਅਤੇ ਉਸਦਾ ਸ਼ੋਸ਼ਣ ਜ਼ਿਆਦਾ ਕਰਦਾ ਹੈ ਜੋ ਸਾਰੇ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰਨ ਤੇ ਮਜਬੂਰ ਗੋ ਗਿਆ ਹੈ।

ਗਲਪੀ-ਭਾਸ਼ਾ ਕਿਸੇ ਵੀ ਬਿਰਤਾਂਤਕਾਰ ਕੋਲ ਭਾਸ਼ਾ ਐਸਾ ਔਜ਼ਾਰ ਜਾਂ ਸੰਦ ਹੁੰਦਾ ਹੈ, ਜਿਸ ਨਾਲ ਉਹ ਸਮਾਜ ਵਿਚ ਜੌਜੂਦ ਭਾਸ਼ਾ 'ਚੋਂ ਕੁਝ ਚੋਣਵੇਂ ਸ਼ਬਦਾਂ ਅਤੇ ਵਾਕਾਂ ਦੀ ਚੋਣ ਕਰਕੇ ਉਸਨੂੰ ਇਸ ਤਰ੍ਹਾਂ ਤਰਤੀਬ ਦਿੰਦਾ ਹੈ ਜਿਸ ਨਾਲ ਭਾਸ਼ਾ ਖੂਬਸੂਰਤ ਅਤੇ ਗਹਿਰੇ ਅਰਥ ਪ੍ਰਗਟਾਉਣ ਦੇ ਸਮਰੱਥ ਹੋ ਜਾਂਦੀ ਹੈ। ਨੀਰ "ਆਪਣੀ ਗਲਪੀ ਪ੍ਰਮਾਣਕਤਾ ਕਾਇਮ ਰਖਣ ਅਤੇ ਆਂਚਲਿਕ ਸੁਹਜ ਦਾ ਸਦਉਪਜੋਗ ਕਰਨ ਲਈ ਕਸ਼ਮੀਰ ਦੇ ਭੋਗੋਲਿਕ ਦ੍ਰਿਸ਼ਾ ਅਤੇ ਰਹਿਤਲ ਦੇ ਚਿੰਨ੍ਹਾਂ ਪ੍ਰਤੀਕਾਂ ਨੂੰ ਆਪਣੀ ਰਚਨਾ ਵਿਚ ਸੁਚੱਜੇ ਢੰਗ ਨਾਲ ਸਮੋਇਆ ਹੈ।"[9]

ਲਵਾਸੇ ਵਿਚ ਬਿਰਤਾਂਤਕਾਰ ਨੇ ਪ੍ਰਮੁੱਖ ਤੋਰ ਤੇ ਕੇਂਦਰੀ ਪੰਜਾਬੀ ਦੀ ਵਰਤੋਂ ਨਾਲ ਬਿਰਤਾਂਤ ਸਿਰਜਿਆ ਹੈ। ਨੀਰ ਨੇ ਇਸ ਵਿਚ ਗਲਪੀ-ਭਾਸ਼ਾ ਰਾਹੀਂ ਗਹਿਰੇ-ਅਰਥਾਂ ਦੀ ਸਿਰਜਣਾ ਕੀਤੀ ਹੈ। ਇਸ ਨਾਲ ਕਸ਼ਮੀਰ ਸੰਕਟ ਦੀਆਂ ਕਈ ਪਰਤਾਂ ਗੁਜਾਰਗਰ ਹੁੰਦੀਆਂ ਹਨ।

"ਆਣ ਵੇਲੇ ਉਸਦਾ ਭੇਸ ਬਦਲਿਆ ਹੋਇਆ, ਸਿਰ ਤੇ ਨਮਾਜ਼ੀ ਟੌਪੀ ਤੇ ਉਪਰ ਫਿਰਨ (ਕਸ਼ਮੀਰੀ ਚੋਗਾ) ਪਾਇਆ ਉਹ ਕਈ ਠੇਟ ਕਸ਼ਮੀਰੀ ਜਾਪ ਰਿਹਾ ਸੀ। ਪਲ ਕੁ ਲਈ ਮੈਂ ਵੀ ਨਹੀਂ ਸਾਂ ਪਛਾਣ ਸਕੀ ਤੇ ਡਰ ਤੇ ਮਾਰੇ ਚੀਖ ਹੀ ਪੈਂਦੀ ਜੇ ਉਹ ਮੇਰੇ ਮੂੰਹ 'ਤੇ ਹੱਥ ਰੱਖ ਸਿਰ ਦੀ ਟੋਪੀ ਪਰੇ ਨਾ ਵਗਾਹ ਮਾਰਦਾ।"[10]

ਅਲੀ ਬੂਦਰਾ, ਮੁਸਲਮਾਨ ਜ਼ਰੂਰ ਹੈ ਪਰ ਧਾਰਮਿਕ ਦਿਖ ਵਾਲਾ ਬਿਲਕੁਲ ਨਹੀਂ ਹੈ। ਜਦ ਗੀਤਾਜਲੀ ਉਸਨੂੰ ਠੇਟ-ਕਸ਼ਮੀਰੀ ਦੇ ਰੂਪ ਵਿਚ, ਨਮਾਜ਼ੀ ਟੋਪੀ ਪਾਈ ਵੇਖਦੀ ਹੈ ਤਾਂ ਘਬਰਾ ਜਾਂਦੀ ਹੈ। ਬਿਰਤਾਂਥਕਾਰ ਕਹਿਣਾ ਚਾਹੁੰਦੀ ਹੈ ਕਿ ਗੀਤਾਂਜਲੀ ਆਪਣੀ ਆਜ਼ਾਦੀ ਹਾਸਿਲ ਕਰਨ ਲਈ ਜਿਸ ਅਲੀ ਬੂਦਰਾ ਕੋਲ ਜਾਂਦੀ ਹੈ ਉਹ ਧਾਰਮਿਕ ਰੰਗਤ ਵਾਲਾ ਨਹੀਂ ਹੈ। ਭਾਵ ਕਸ਼ਮੀਰ ਵਿਚ ਜੋ ਬਗਾਵਤ ਚਲ ਰਹੀ ਹੈ ਜਾਂ ਚਲਨੀ ਚਾਹੀਦੀ ਸੀ ਉਹ ਧਾਰਮਿਕ ਲਹਿਰ ਨਹੀਂ ਬਲਕਿ ਕਸ਼ਮੀਰ ਦੇ ਹੱਕਾਂ ਦੀ ਲਹਿਰ ਹੋਣੀ ਚਾਹੀਦੀ ਸੀ ਜੋ ਸਾਰੇ ਧਰਮਾਂ ਨੂੰ ਨਾਲ ਲੈ ਕੇ ਚਲਾਈ ਜਾਣੀ ਚਾਹਦਿੀ ਸੀ। ਪਰ ਇਸ ਲਹਿਰ ਨੂੰ ਧਰਮ ਦਾ ਚੋਲਾ ਪਵਾ ਕੇ ਸਥਿਤੀ ਹੋਰ ਸੰਕਟ ਭਰਪੂਰ ਹੋ ਨਿਭੜੀ ਹੈ।

"ਲਵਾਸੇ" ਕਹਾਣੀ ਦੇ ਬਿਰਤਾਂਤ-ਸ਼ਾਸਤਰੀ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਨੀਰ ਇਸ ਵਿਚ ਜੋ ਪ੍ਰਸ਼ਨ ਖੜਾ ਕੀਤਾ ਸੀ ਕਿ ਕਿਉਂ ਅਤੇ ਕਿਵੇਂ ਅਲੀ ਬੂਦਰਾ ਜੇਹੇ ਨੌਜਵਾਨ ਆਤੰਕਵਾਦ ਦੇ ਰਾਹ ਤੇ ਚਲ ਪਏ ਹਨ। ਉਹ ਇਸ ਦਾ ਜਵਾਬ ਕਹਾਣੀ ਵਿਚ ਹੀ ਪ੍ਰਤੀਕਾਂ ਰਾਹੀਂ ਦੇਣ ਦਾ ਯਤਨ ਕਰਦੀ ਹੈ। ਇਸ ਲਈ ਉਹ ਏਹਲਾ ਯੁਕਤ ਬਿਰਤਾਂਤਕ ਵਿਧੀ ਦੀ ਵਰਤੋਂ ਕਰਦੀ ਹੈ। ਇਸ ਲਈ ਅਲੀ ਬੂਦਰਾ ਨਾਲ ਜੁੜੀਆਂ ਘਟਨਾਵਾਂ ਨੂੰ ਸਿੱਧੇ ਤੌਰ ਤੇ ਪੇਸ਼ ਨਹੀਂ ਕਰ ਸਕਦੀ ਸੀ। ਸਿੱਧੇ ਤੌਰ ਤੇ ਘਟਨਾਵਾਂ ਨੂੰ ਪੇਸ਼ ਕਰਨ ਲਈ ਸਰਬ ਗਿਆਤਾ ਬਿਰਤਾਂਤਕਾਰ ਵਜ਼ੋਂ ਫੋਕਸ ਕਰਨਾ ਹੁੰਦਾ ਹੈ। ਨੀਰ ਕਿਉਂਕਿ ਮੈਂ ਪਾਤਰ ਵਜ਼ੋਂ ਹਾਜਿਰ ਹੈ ਇਸ ਲਈ ਉਹ ਅਲੀ ਬੂਦਰਾ ਦੀ ਬਗਾਵਤ ਨੂੰ ਗੀਤਾਂਜਲੀ ਦੀ ਬਗਤਵਤ ਰਾਹੀਂ ਦਰਸਾਉਂਦੀ ਹੈ। ਉਹ ਗੀਤਾਂਜਲੀ ਦੀ ਮਾਂ, ਪਿਤਾ ਅਤੇ ਰਾਜਪਾਲ ਨੂੰ ਪ੍ਰਤੀਕਾਂ ਵਜ਼ੋਂ ਪੇਸ਼ ਕਰਦੀ ਹੈ।

ਉਹ ਕਸ਼ਮੀਰ ਵਿਚ ਚਲ ਰਹੇ ਸੰਘਰਸ਼ ਨੂੰ ਉਚਿਤ ਠਹਿਰਾਉਣ ਦੇ ਨਾਲ ਨਾਲ ਇਸ ਨੂੰ ਗਲਤ ਰੰਗਤ ਦੇਣ ਵਾਲਾ ਇਸ਼ਾਰਾ ਵੀ ਕਰਦੀ ਹੈ। ਇਸ ਲਈ ਉਹ ਆਖਿਰ ਵਿਚ ਕਹਿੰਦੀ ਹੈ।

"ਲਗਦਾ ਹੈ ਕਿ ਕੋਈ ਕੋਲ ਹੀ ਕਿਸੇ ਤੰਦੂਰ ਵਿਚ ਮੁਹੱਬਤ ਨਾਲ ਲਵਾਸੇ ਸੇਕ ਰਿਹਾ ਹੈ ਪਰ ਅਣਗਹਿਲੀ ਨਾਲ ਲਵਾਸੇ ਸੜ ਕੇ ਸਵਾਹ ਹੋ ਗਏ ਹਨ। ਸੜੇ ਲਵਾਸਿਆਂ ਦੀ ਤਿੱਖੀ ਗੰਧ ਮੈਨੂੰ ਹਰੀਸ ਦੀ ਚਿਤਾ 'ਚੋਂ ਉਠੇ ਧੂਏਂ ਦੀ ਗੰਧ ਵਿਚ ਗਲਤ ਹੋਈ ਮਹਿਸੂਸ ਹੁੰਦੀ ਹੈ। ਲਗਦਾ ਹੈ ਫਿਰ ਮੇਰਾ ਸਾਹ ਰੁਕ ਗਿਆ ਹੈ ।"[11]

ਲ਼ਵਾਸੇ ਅਤੇ ਏਹੋ ਜਿਹੀਆਂ ਹੋਰ ਕਹਾਣੀਆਂ ਕਰਕੇ ਨੀਰ ਸਮੁੱਚੇ ਪੰਜਾਬੀ ਸਾਹਿਤ ਦੀ ਪ੍ਰਤਿਨਿੱਧ ਪਜਾਬੀ ਕਹਾਣੀਆਂ ਵਜ਼ੋਂ ਉਬਰ ਕੇ ਸਾਹਮਣੇ ਆਈ ਹੈ।

## ਟਿਪਣੀਆਂ ਅਤੇ ਹਵਾਲੇ


1. ਡਾ. ਅੰਮ੍ਰਿਤਪਾਲ ਕੌਰ (ਸੰਪਾ) ਖੋਜ ਪਤ੍ਰਿਕਾ, ਅੰਕ ਪ੬ ਪੰਨਾ : 38
2. The Combridge introduction to Narrative, 13.
3. Ibid, 13.
4. Litrary Theory – A very short introduction, 83.
5. Post Modern Narraative Theory, 2.
6. ਸੁਰਿੰਦਰ ਨੀਰ, ਖੁਲ੍ਹੱ ਜਾ ਸਿੰਮ ਸਿੰਮ, ਪੰਨਾ ਨ:143
7. ਡਾ. ਅੰਮ੍ਰਿਤਪਾਲ ਕੌਰ (ਸੰਪਾ) ਖੋਜ ਪਤ੍ਰਿਕਾ, ਅੰਕ ਪ੬ ਪੰਨਾ 64
8. ਸੁਰਿੰਦਰ ਨੀਰ, ਖੁਲ੍ਹੱ ਜਾ ਸਿੰਮ ਸਿੰਮ, ਪੰਨਾ ਨ : 143
9. ਡਾ. ਬਲਦੇਵ ਧਾਲੀਵਾਲ, ਕਹਾਣੀ ਸ਼ਾਸਤਰ ਅਤੇ ਪੰਜਾਬੀ ਕਹਾਣੀ ਪੰਨਾ 94-95
10. ਡਾ. ਅੰਮ੍ਰਿਤਪਾਲ ਕੌਰ (ਸੰਪਾ) ਖੋਜ ਪਤ੍ਰਿਕਾ, ਅੰਕ ਪ੬ ਪੰਨਾ : 38
11. ਸੁਰਿੰਦਰ ਨੀਰ, ਖੁਲ੍ਹੱ ਜਾ ਸਿੰਮ ਸਿੰਮ, ਪੰਨਾ ਨ : 143